**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਦੀਨੇਸ਼ ਕੁਮਾਰ ਪੁੱਤਰ ਸ੍ਰੀ ਦੋਲਡ ਰਾਮ,
ਵਾਸੀ ਪਿੰਡ ਰੱਤੇਵਾਲ (ਨੀਲਵਾੜੇ) ਤਹਿਸੀਲ ਬਲਾਚੌਰ,
ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ। --------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ, ਦਫਤਰ ਐਸ.ਡੀ.ਐਮ.,
ਬਲਾਚੌਰ, ਜਿਲਾ ਸ਼ਹੀਦ ਭਗਤ ਸਿੰਘ ਨਗਰ।

ਪਹਿਲੀ ਅਪੀਲੀ ਅਥਾਰਟੀ
ਦਫਤਰ ਐਸ.ਡੀ.ਐਮ., ਬਲਾਚੌਰ, ਜਿਲਾ ਸ਼ਹੀਦ ਭਗਤ ਸਿੰਘ ਨਗਰ। ----------ਉੱਤਰਦਾਤਾ

**ਅਪੀਲ ਕੇਸ ਨੰ: 3686/2019**

**ਹਾਜ਼ਰ:-**

1) ਅਪੀਲਕਰਤਾ ਵਲੋਂ ਕੋਈ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਮਨਿੰਦਰ ਸਿੰਘ ਕਲਰਕ (83607-58913)

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 13-05-2019, ਲੋਕ ਸੂਚਨਾ ਅਧਿਕਾਰੀ ਐਸ.ਡੀ.ਐਮ., ਬਲਾਚੌਰ, ਜਿਲਾ ਸ਼ਹੀਦ ਭਗਤ ਸਿੰਘ ਨਗਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਗ੍ਰਾਮ ਪੰਚਾਇਤ ਪਿੰਡ ਨੀਲੇਵਾੜੇ (ਰੱਤੇਵਾਲ) ਬਲਾਕ ਬਲਾਚੌਰ ਵਿਚ ਵੋਟਾਂ ਬਾਰੇ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 17-07-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 01-10-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 29-10-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 21-11-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ ਹੈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਮਨਿੰਦਰ ਸਿੰਘ ਕਲਰਕ ਹਾਜ਼ਰ ਹੋਇਆ। ਉਸ ਵਲੋਂ ਦਸਿਆ ਗਿਆ ਕਿ ਅਪੀਲਕਰਤਾ ਵਲੋਂ ਵੋਟਰ ਸੂਚੀ ਮੰਗੀ ਗਈ ਹੈ। ਅਲੈਕਸ਼ਨ ਵਿਭਾਗ ਦੀ ਨੋਟਿਫੀਕੇਸ਼ਨ ਅਨੁਸਾਰ ਪਿਛਲੇ 3 ਸਾਲ ਦਾ ਰਿਕਾਰਡ ਨਸ਼ਟ ਕਰ ਦਿੱਤਾ ਜਾਂਦਾ ਹੈ। ਇਸ ਲਈ ਰਿਕਾਰਡ ਉਪਲਬਧ ਨਹੀ ਹੈ। ਇਸ ਸਬੰਧੀ ਅਪੀਲਕਰਤਾ ਨੂੰ ਪੱਤਰ ਮਿਤੀ 14-06-2019 ਜ਼ੋ ਅਪੀਲਕਰਤਾ ਨੂੰ ਸੰਬੋਧਤ ਹੈ ਰਾਹੀਂ ਸੂਚਿਤ ਕਰ ਦਿੱਤਾ ਗਿਆ ਸੀ ਜਿਸ ਸਬੰਧੀ ਕਮਿਸ਼ਨ ਨੂੰ ਆਪਣੇ ਪੱਤਰ ਮਿਤੀ 06-11-2019 ਰਾਹੀਂ ਸੂਚਿਤ ਕੀਤਾ ਗਿਆ ਅਤੇ ਉਤਾਰਾ ਅਪੀਲਕਰਤਾ ਨੂੰ ਵੀ ਕੀਤਾ ਗਿਆ ਸੀ। ਪੱਤਰ ਮਿਸਲ ਤੇ ਉਪਲਬਧ ਹੈ। ਇਸ ਤੋਂ ਇਲਾਵਾ ਉਨ੍ਹਾਂ ਵਲੋਂ ਈ.ਮੇਲ ਰਾਹੀ ਅਤੇ ਡਾਕ ਰਾਹੀਂ ਪਤਰ ਨੰ: 1076/ਰੀਡਰ ਮਿਤੀ 08-11-2019 ਪੇਸ਼ ਕੀਤਾ ਗਿਆ ਜ਼ੋ ਕਮਿਸ਼ਨ ਨੂੰ ਸੰਬੋਧਤ ਹੈ ਅਤੇ ਉਤਾਰਾ ਅਪੀਲਕਰਤਾ ਨੂੰ ਹੈ ਰਾਹੀਂ ਸੁਚਿਤ ਕੀਤਾ ਗਿਆ ਜਿਸ ਵਿਚ ਵਿਸਥਾਰਪੂਰਵਕ ਵੇਰਵਾ ਦਿੱਤਾ ਗਿਆ ਹੈ।

4. ਅਪੀਲਕਰਤਾ ਅੱਜ ਪੇਸ਼ੀ ਤੇ ਹਾਜ਼ਰ ਨਹੀਂ ਹੋਇਆ। ਉੱਤਰਦਾਤਾ ਦੇ ਨੁਮਾਇੰਦੇ ਵਲੋਂ ਪੇਸ਼ ਕੀਤੇ ਗਏ ਉਕੱਤ ਦਸਤਾਵੇਜ਼ਾਂ ਨੂੰ ਘੋਖਣ ਤੇ ਪਾਇਆ ਗਿਆ ਕਿ ਉਨ੍ਹਾਂ ਵਲੋਂ ਅਪੀਲਕਰਤਾ ਨੂੰ ਪਹਿਲਾਂ ਹੀ ਸੂਚਨਾ ਮੁਹੱਈਆ ਕਰਵਾਈ ਜਾ ਚੁੱਕੀ ਹੈ। ਪਹਿਲੀ ਅਪੀਲੀ ਅਥਾਰਟੀ ਵਲੋਂ ਵੀ ਅਪੀਲਕਰਤਾ ਨੂੰ ਮਿਤੀ 26-07-2019 ਨੂੰ ਹਾਜ਼ਰ ਹੋਣ ਲਈ ਲਿਖਿਆ ਗਿਆ ਸੀ ਪਰ ਉਸਦਾ ਕੋਈ ਨੁਮਾਇੰਦਾ ਹਾਜਰ ਨਹੀਂ ਸੀ ਹੋਇਆ। ਲੋਕ ਸੂਚਨਾ ਅਧਿਕਾਰੀ ਵਲੋਂ ਆਪਣਾ ਪੱਤਰ ਮਿਤੀ 14-06-2019 ਪੇਸ਼ ਕੀਤਾ ਗਿਆ ਸੀ ਜਿਸ ਅਨੁਸਾਰ ਅਲੈਕਸ਼ਨ ਕਮਿਸ਼ਨ ਆਫ ਇੰਡੀਆ ਦੀ ਨੋਟੀਫਿਕੇਨ ਨੰ: 23/ਆਈ.ਐਨ.ਐਸ.ਟੀ./2015-ਈ.ਆਰ.ਐਸ. ਮਿਤੀ 09-07-2015 ਮੁਤਾਬਿਕ ਤਿੰਨ ਸਾਲ ਤੋਂ ਬਾਅਦ ਵੋਟਰ ਸੁਧਾਈ ਨਾਲ ਸਬੰਧਤ ਰਿਕਾਰਡ ਨਹੀ ਰਖਿਆ ਜਾਵੇਗਾ। ਇਸ ਤਰ੍ਹਾਂ ਉੱਤਰਦਾਤਾ ਵਲੋਂ ਅਪੀਲਕਰਤਾ ਨੂੰ ਸਹੀ ਉੱਤਰ ਦਿੱਤਾ ਗਿਆ ਹੈ ਅਤੇ ਅਪੀਲੀ ਅਥਾਰਟੀ ਵਲੋਂ ਆਪਣਾ ਫੈਸਲਾ ਦਿੱਤਾ ਗਿਆ ਹੈ। ਇਸ ਤਰ੍ਹਾਂ ਮੈਂ ਉੱਤਰਦਾਤਾ ਦੇ ਉੱਤਰ ਤੋ ਸੰਤੁਸ਼ਟ ਹੈ। ਇਸ ਲਈ ਇਸ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹੀਂ। ਇਹ **ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
ਮਿਤੀ: ਚੰਡੀਗੜ੍ਹ, 21 ਨਵੰਬਰ , 2019. ਰਾਜ ਸੂਚਨਾ ਕਮਿਸ਼ਨਰ, ਪੰਜਾਬ।

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਦੀਨੇਸ਼ ਕੁਮਾਰ ਪੁੱਤਰ ਸ੍ਰੀ ਦੋਲਡ ਰਾਮ,
ਵਾਸੀ ਪਿੰਡ ਰੱਤੇਵਾਲ (ਨੀਲਵਾੜੇ) ਤਹਿਸੀਲ ਬਲਾਚੌਰ,
ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ। --------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ, ਦਫਤਰ ਐਸ.ਡੀ.ਐਮ.,
ਬਲਾਚੌਰ, ਜਿਲਾ ਸ਼ਹੀਦ ਭਗਤ ਸਿੰਘ ਨਗਰ।

ਪਹਿਲੀ ਅਪੀਲੀ ਅਥਾਰਟੀ
ਦਫਤਰ ਐਸ.ਡੀ.ਐਮ.,
ਬਲਾਚੌਰ, ਜਿਲਾ ਸ਼ਹੀਦ ਭਗਤ ਸਿੰਘ ਨਗਰ। ----------ਉੱਤਰਦਾਤਾ

**ਅਪੀਲ ਕੇਸ ਨੰ: 3687/2019**

**ਹਾਜ਼ਰ:-**

1) ਅਪੀਲਕਰਤਾ ਵਲੋਂ ਕੋਈ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਵਰਿੰਦਰ ਕੁਮਾਰ (94630-10274)

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 31-05-2019, ਲੋਕ ਸੂਚਨਾ ਅਧਿਕਾਰੀ ਐਸ.ਡੀ.ਐਮ., ਬਲਾਚੌਰ, ਜਿਲਾ ਸ਼ਹੀਦ ਭਗਤ ਸਿੰਘ ਨਗਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਗ੍ਰਾਮ ਪੰਚਾਇਤ ਪਿੰਡ ਨੀੌਲੇਵਾੜੇ (ਰੱਤੇਵਾਲ) ਬਲਾਕ ਬਲਾਚੌਰ ਵਿਚ ਵੋਂਟਾਂ ਬਾਰੇ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 17-07-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 01-10-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 29-10-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 21-11-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ ਹੈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਵਰਿੰਦਰ ਕੁਮਾਰ ਦਫਤਰ ਕਾਨੂੰਗੋ ਬਲਾਚੌਰ ਹਾਜ਼ਰ ਹੋਇਆ ਉਸ ਵਲੋਂ ਪੱਤਰ ਨੰ: 80 /ਦਕ ਮਿਤੀ 19-11-2019 ਪੇਸ਼ ਕੀਤਾ ਗਿਆ ਜੋ ਲੋਕ ਸੂਚਨਾ ਅਫਸਰ ਮਹਿਸੀਲਦਾਰ, ਬਲਾਚੋਰ ਵਲੋਂ ਕਮਿਸ਼ਨ ਨੂੰ ਸੰਬੋਧਤ ਹੈ। ਮਿਸਲ ਤੇ ਰੱਖ ਲਿਆ ਗਿਆ ਹੈ। ਉਸ ਵਲੋਂ ਦਸਿਆ ਗਿਆ ਕਿ ਅਪੀਲਕਰਤਾ ਦੀ ਅਰਜੀ ਐਸ.ਡੀ.ਐਮ. ਬਲਾਚੋਰ ਵਲੋਂ ਪੱਤਰ ਮਿਤੀ 12-06-2019 ਰਾਹੀਂ ਉਨ੍ਹਾਂ ਨੂੰ ਭੇਜੀ ਗਈ ਜੋ ਕਿ ਉਨ੍ਹਾਂ ਨੂੰ ਮਿਤੀ 25-6-2019 ਨੂੰ ਪ੍ਰਾਪਤ ਹੋਈ ਜਿਸਦਾ ਉੱਤਰ ਪੱਤਰ ਮਿਤੀ 12-07-2019 ਰਾਹੀਂ ਸ੍ਰੀ ਦਿਨੇਸ਼ ਕੁਮਾਰ ਨੂੰ ਜਵਾਬ ਦੇ ਦਿੱਤਾ ਗਿਆ ਸੀ ਕਿ ਮੰਗੀ ਗਈ ਸੂਚਨਾ ਆਰ.ਟੀ.ਆਈ. ਐਕਟ, 2005 ਦੀ ਧਾਰਾ 2(ਐਫ) ਪਰਿਭਾਸਾ ਵਿੱਚ ਕਵਰ ਨਹੀਂ ਹੁੰਦੀ। ਇਸ ਦੇ ਨਾਲ ਹੀ ਉਪ ਮੰਡਲ ਮੈਜਿਸਟਰੇਟ ਕਮ ਪਹਿਲੀ ਅਪੀਲੈਟ ਅਥਾਰਟੀ ਬਲਾਚੌਰ ਵਲੋਂ ਵੀ ਪੱਤਰ ਮਿਤੀ 06-08-2019 ਮਿਸਲ ਨੰ: 23/ਐਸ.ਡੀ.ਐਮ. ਦਾਇਰ ਮਿਤੀ 18-07-2019 ਅਨੁਸਾਰ ਸ੍ਰੀ ਦਿਨੇਸ਼ ਕੁਮਾਰ ਨੂੰ ਪੱਤਰ ਮਿਤੀ 08-08-2019 ਰਾਹੀਂ ਜਵਾਬ ਦੇਣ ਲਈ ਪ੍ਰਾਪਤ ਹੋਇਆ ਜਿਸ ਸਬੰਧੀ ਪੱਤਰ ਮਿਤੀ 14-08-2019 ਰਾਹੀਂ ਪਹਿਲੀ ਅਥਾਰਟੀ ਨੂੰ ਵੀ ਦਸਿਆ ਗਿਆ ਕਿ ਅਪੀਲਕਰਤਾ ਨੂੰ ਪੱਤਰ ਮਿਤੀ 12-07-2019 ਰਾਹੀਂ ਸੂਚਨਾ ਦਿੱਤੀ ਜਾ ਚੁੱਕੀ ਹੈ। ਇਸ ਕਰਕੇ ਪ੍ਰਾਰਥੀ ਕਿਸੇ ਕੰਮ ਵਾਲੇ ਦਿਨ ਹਾਜਰ ਹੋ ਕੇ ਸਬੰਧਤ ਪਟਵਾਰੀ ਅਤੇ ਫਰਦ ਕੇਂਦਰ ਬਲਾਚੌਰ ਤੋਂ ਆਪਣੇ ਨੰਬਰ ਖਸਰਾ 271 ਵਾਕਿਆ ਪਿੰਡ ਬਲਾਚੌਕ/193 ਤਹਿਸੀਲ ਬਲਾਚੌਰ ਦੀਆਂ ਨਕਲਾਂ ਪ੍ਰਾਪਤ ਕਰ ਸਕਦਾ ਹੈ। ਇਸ ਤੋਂ ਇਲਾਵਾ ਪਹਿਲੀ ਅਪੀਲੀ ਆਥਾਰਟੀ ਬਲਾਚੌਰ ਵਲੋਂ ਵੀ ਆਪਣੇ ਪੱਤਰ ਨੰ: 1074 /ਰੀਡਰ ਮਿਤੀ 08-11-2019 ਜੋ ਕਮਿਸ਼ਨ ਨੂੰ ਸੰਬੋਧਤ ਹੈ ਅਤੇ ਅਪੀਲਕਰਤਾ ਨੂੰ ਉੱਤਾਰਾ ਭੇਜਿਆ ਗਿਆ ਹੈ। ਪੱਤਰ ਮਿਸਲ ਤੇ ਉਪਲਭਧ ਹਨ/ਰੱਖ ਲਏ ਗਏ ਹਨ। ਇਸ

ਪਰਤੋ ਜੀ ------ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ: 3687/2019**

ਪੱਤਰ ਰਾਹੀਂ ਦਸਿਆ ਗਿਆ ਕਿ ਅਪੀਲਕਰਤਾ ਨੂੰ ਮਿਤੀ 26-07-2019 ਨੂੰ ਬੁਲਾਇਆ ਗਿਆ ਸੀ ਪਰ ਉਹ ਹਾਜ਼ਰ ਨਹੀਂ ਹੋਇਆ। ਉਸਦੀ ਅਪੀਲ ਦਾਖਲ ਦਫਤਰ ਕੀਤੀ ਗਈ।

4. ਅੱਜ ਪੇਸ਼ੀ ਤੇ ਅਪੀਲਕਰਤਾ ਹਾਜ਼ਰ ਨਹੀਂ ਹੋਇਆ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ੍ਰੀ ਵਰਿੰਦਰ ਕੁਮਾਰ ਕਾਨੂੰਗੋ ਵਲੋਂ ਪੇਸ਼ ਕੀਤੇ ਗਏ ਪੱਤਰ ਅਤੇ ਅਪੀਲੀ ਅਥਾਰਟੀ ਵਲੋਂ ਜ਼ਾਰੀ ਪੱਤਰ ਮਿਤੀ 08-11-2019 ਸਵੈਸਪੱਸ਼ਟ ਹਨ। ਉੱਤਰਦਾਤਾ ਅਨੁਸਾਰ ਪੱਤਰ ਮਿਤੀ 12-07-2019 ਰਾਹੀਂ ਸ੍ਰੀ ਦਿਨੇਸ਼ ਕੁਮਾਰ ਨੂੰ ਜਵਾਬ ਦੇ ਦਿੱਤਾ ਗਿਆ ਹੈ ਕਿ ਮੰਗੀ ਗਈ ਸੂਚਨਾ ਆਰ.ਟੀ.ਆਈ. ਐਕਟ, 2005 ਦੀ ਧਾਰਾ 2(ਐਫ) ਪਰਿਭਾਸਾ ਵਿੱਚ ਕਵਰ ਨਹੀਂ ਹੁੰਦੀ। ਉੱਤਰਦਾਤਾ ਅਤੇ ਅਪੀਲੀ ਅਥਾਰਟੀ ਅਨੁਸਾਰ ਪ੍ਰਾਰਥੀ ਕਿਸੇ ਕੰਮ ਵਾਲੇ ਦਿਨ ਹਾਜਰ ਹੋ ਕੇ ਸਬੰਧਤ ਪਟਵਾਰੀ ਅਤੇ ਫਰਦ ਕੇਂਦਰ ਬਲਾਚੌਰ ਤੋਂ ਆਪਣੇ ਨੰਬਰ ਖਸਰਾ 271 ਵਾਕਿਆ ਪਿੰਡ ਬਲਾਚੌਕ/193 ਤਹਿਸੀਲ ਬਲਾਚੌਰ ਦੀਆਂ ਨਕਲਾਂ ਪ੍ਰਾਪਤ ਕਰ ਸਕਦਾ ਹੈ।ਇਸ ਲਈ ਮੈਂ ਉੱਤਰਦਾਤਾ ਵਲੋਂ ਦਿੱਤੀ ਗਈ ਸੂਚਨਾ ਤੋਂ ਸੰਤੁਸ਼ਟ ਹਾਂ। ਇਸ ਲਈ ਇਸ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹ੍ਹੀਂ। ਇਹ **ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)

**ਮਿਤੀ: ਚੰਡੀਗੜ੍ਹ, 21 ਨਵੰਬਰ , 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਗਗਨਦੀਪ ਸਿੰਘ ਜੰਜੂਆ, ਮੋ: 97806-43243
ਪਿੰਡ ਤੂਰਾਂ, ਡਾਕਖਾਨਾ ਕੁੰਭ, ਤਹਿਸੀਲ ਅਮਲੋਹ,
ਜ਼ਿਲ੍ਹਾਂ ਫਤਿਹਗੜ੍ਹ ਸਾਹਿਬ,ਪੰਜਾਬ ਪਿੰਨ ਕੋਡ-14731 -----------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ,
ਦਫਤਰ ਉਪ ਮੰਡਲ ਮੈਜਿਸਟਰੇਟ, ਬੰਗਾ,
ਜਿਲਾ ਸ਼ਹੀਦ ਭਗਤ ਸਿੰਘ ਨਗਰ।

ਦਫਤਰ ਉਪ ਮੰਡਲ ਮੈਜਿਸਟਰੇਟ, ਬੰਗਾ,
ਜਿਲਾ ਸ਼ਹੀਦ ਭਗਤ ਸਿੰਘ ਨਗਰ ---------ਉਤਰਦਾਤਾ

**ਅਪੀਲ ਕੇਸ ਨੰ: 3711/2019**

**ਹਾਜ਼ਰ:-**

1) ਅਪੀਲਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਈ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਦਲਜੀਤ ਸਿੰਘ, ਸੀਨੀਅਰ ਸਹਾਇਕ (98763-18667)

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 09-07-2019, ਲੋਕ ਸੂਚਨਾ ਅਧਿਕਾਰੀ ਦਫਤਰ ਉਪ ਮੰਡਲ ਮੈਜਿਸਟਰੇਟ, ਬੰਗਾ, ਜਿਲਾ ਸ਼ਹੀਦ ਭਗਤ ਸਿੰਘ ਨਗਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਪਿੰਡ ਪੱਦੀ ਮੱਠ ਵਾਲੀ ਦੇ 108 ਸੁਆਮੀ ਗਭੀਰ ਨਾਥ ਪਰਬਤ ਜੀ ਦੇ ਮੱਠ ਪਰ ਰਸੀਵਰ ਨਿਯੁਕਤੀ ਨਾਲ ਕਰਨ ਡਿਪਟੀ ਕਮਿਸ਼ਨ ਨਵਾਂ ਸਹਿਰ ਨੂੰ ਸ਼ਿਫ਼ਾਰਸਾਂ ਕੀਤੀਆਂ। ਜਦੋ ਕਿ ਸੀ.ਆਰ.ਪੀ.ਸੀ ਦੇ ਸੈਕਸ਼ਨ 145 ਅਤੇ 146 ਦਾ ਹਵਾਲਾ ਦਿੰਦੇ ਹੋਏ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 16-08-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 04-10-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 29-10-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 21-11-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ, ਪਰ ਉਸ ਵਲੋਂ ਈ.ਮੇਲ. ਮਿਤੀ 21-11-2019 ਰਾਹੀਂ ਬੇਨਤੀ ਕੀਤੀ ਗਈ ਕਿ ਉਹ ਅੱਜ ਇਸ ਕੇਸ ਦੀ ਸੁਣਵਾਈ ਲਈ ਪੇਸ਼ ਨਹੀਂ ਹੋ ਸਕਦਾ ਇਸ ਲਈ ਇਕ ਹੋਰ ਮੋਕਾ ਦਿੱਤਾ ਜਾਵੇ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਦਲਜੀਤ ਸਿੰਘ, ਸੀਨੀਅਰ ਸਹਾਇਕ ਹਾਜ਼ਰ ਹੋਇਆ। ਉਸ ਵਲੋਂ ਪੱਤਰ ਨੰ: 60/ਆਰ.ਟੀ.ਆਈ./ ਮਿਤੀ 09-08-2019 ਪੇਸ਼ ਕੀਤਾ ਗਿਆ । ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।

4. ਉੱਤਰਦਾਤਾ ਵਲੋਂ ਪੇਸ਼ ਕੀਤੇ ਗਏ ਉਕਤ ਪੱਤਰ ਰਾਹੀਂ ਜ਼ੋ ਉੱਤਰ ਪੇਸ਼ ਕੀਤਾ ਗਿਆ ਹੈ ਉਹ ਗੱਲਤ ਹੈ, ਕਿਉਂਜੋ ਅਪੀਲਕਰਤਾ ਨੂੰ ਇਹ ਦਸਣਾ ਚਾਹੀਦਾ ਹੈ ਕਿ ਜ਼ੋ ਰਸੀਵਰ ਲਾਇਆ ਗਿਆ ਹੈ ਉਹ ਕਿਸ ਪੁਲਿਸ ਦੀ ਰਿਪੋਰਟ ਦੇ ਆਧਾਰ ਤੇ ਲਾਇਆ ਗਿਆ, ਕੀ ਪੁਲਿਸ ਦੀ ਰਿਪੋਰਟ ਨੂੰ ਆਧਾਰ ਬਣਾਇਆ ਗਿਆ ਜਾਂ ਉੱਝ ਹੀ ਲਾਇਆ ਗਿਆ ਹੈ। ਉੱਤਰਦਾਤਾ ਵਲੋਂ ਕਹਿਣਾ ਕਿ ਇੰਨਕੁਆਰੀ ਚਲ ਰਹੀ ਹੈ ਉਸ ਨਾਲ ਅਪੀਲਕਰਤਾ ਦਾ ਕੋਈ ਸਬੰਧ ਨਹੀਂ ਹੈ। ਉੱਤਰਦਾਤਾ ਨੂੰ ਸਮਝਾ ਦਿੱਤਾ ਗਿਆ ਕਿ ਉੱਤਰ ਵਿਸਥਾਰਪੂਰਵਕ ਦਿੱਤਾ ਜਾਵੇ। ਇਸ ਹਦਾਇਤ ਨਾਲ **ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 15-01-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ, 21 ਨਵੰਬਰ , 2019.** ਰਾਜ ਸੂਚਨਾ ਕਮਿਸ਼ਨਰ, ਪੰਜਾਬ।

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਗਗਨਦੀਪ ਸਿੰਘ ਜੰਜੂਆ, ਮੋ: 97806-43243
ਪਿੰਡ ਤੂਰਾਂ, ਡਾਕਖਾਨਾ ਕੁੰਭ,
ਤਹਿਸੀਲ ਅਮਲੋਹ, ਜ਼ਿਲ੍ਹਾਂ ਫਤਿਹਗੜ੍ਹ ਸਾਹਿਬ,
ਪੰਜਾਬ ਪਿੰਨ ਕੋਡ-14731 -----------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ,
ਦਫਤਰ ਉਪ ਮੰਡਲ ਮੈਜਿਸਟਰੇਟ, ਬੰਗਾ,
ਜਿਲਾ ਸ਼ਹੀਦ ਭਗਤ ਸਿੰਘ ਨਗਰ।

ਦਫਤਰ ਉਪ ਮੰਡਲ ਮੈਜਿਸਟਰੇਟ, ਬੰਗਾ,
ਜਿਲਾ ਸ਼ਹੀਦ ਭਗਤ ਸਿੰਘ ਨਗਰ । ---------ਉਤਰਦਾਤਾ

**ਅਪੀਲ ਕੇਸ ਨੰ: 3712/2019**

**ਹਾਜ਼ਰ:-**

1) ਅਪੀਲਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਈ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਦਲਜੀਤ ਸਿੰਘ, ਸੀਨੀਅਰ ਸਹਾਇਕ (98763-18667)

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 09-07-2019, ਲੋਕ ਸੂਚਨਾ ਅਧਿਕਾਰੀ ਦਫਤਰ ਉਪ ਮੰਡਲ ਮੈਜਿਸਟਰੇਟ, ਬੰਗਾ, ਜਿਲਾ ਸ਼ਹੀਦ ਭਗਤ ਸਿੰਘ ਨਗਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਪੱਤਰ ਨੰ: 1527, ਸਕ,ਮਿਤੀ 03-08-2018 ਰਾਹੀਂ ਤੇ ਪੱਤਰ ਨੰ: 1954-55, ਸ.ਕ., ਮਿਤੀ 30-10-1918 ਰਾਹੀਂ ਮੰਹਤ ਪ੍ਰਕਾਸ਼ ਨੰਦ ਪੁਰੀ ਜੀ ਦੇ ਡੇਰਾਂ ਗੋਸਾਈਆਣਾ ਸਬੰਧੀ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 16-08-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 04-10-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 29-10-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 21-11-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ, ਪਰ ਉਸ ਵਲੋਂ ਈ.ਮੇਲ. ਮਿਤੀ 21-11-2019 ਰਾਹੀਂ ਬੇਨਤੀ ਕੀਤੀ ਗਈ ਕਿ ਉਹ ਅੱਜ ਇਸ ਕੇਸ ਦੀ ਸੁਣਵਾਈ ਲਈ ਪੇਸ਼ ਨਹੀਂ ਹੋ ਸਕਦਾ ਇਸ ਲਈ ਇਕ ਹੋਰ ਮੋਕਾ ਦਿੱਤਾ ਜਾਵੇ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਦਲਜੀਤ ਸਿੰਘ, ਸੀਨੀਅਰ ਸਹਾਇਕ ਹਾਜ਼ਰ ਹੋਇਆ। ਉਸ ਵਲੋਂ ਇਸ ਕੇਸ ਵਿਚ ਅਪੀਲਕਰਤਾ ਨੂੰ ਸੂਚਨਾ ਦੇਣ ਲਈ ਹੋਰ ਸਮੇ ਦੀ ਮੰਗ ਕੀਤੀ ਗਈ।

4. ਅਪੀਲਕਰਤਾ ਹਾਜ਼ਰ ਨਹੀਂ ਹੋਇਆ ਉਸ ਵਲੋਂ ਇਸ ਕੇਸ ਵਿਚ ਇਕ ਹੋਰ ਮੋਕਾ ਮੰਗਿਆ ਗਿਆ ਹੈ। ਇਸ ਦੇ ਨਾਲ ਹੀ ਉੱਤਰਦਾਤਾ ਵਲੋਂ ਵੀ ਹੋਰ ਸਮੇ ਦੀ ਮੰਗ ਕੀਤੀ ਗਈ ਹੈ। ਇਸ ਲਈ ਦੋਨਾਂ ਧਿਰਾਂ ਦੀ ਬੇਨਤੀ ਪ੍ਰਵਾਨ ਕਰਦੇ ਹੋਏ **ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 15-01-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
ਮਿਤੀ: ਚੰਡੀਗੜ੍ਹ, 21 ਨਵੰਬਰ , 2019. ਰਾਜ ਸੂਚਨਾ ਕਮਿਸ਼ਨਰ, ਪੰਜਾਬ।

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਗੁਰਸੇਵਕ ਸਿੰਘ ,
ਅਸੀਸਟੈਂਟ ਪ੍ਰੋਫੈਸਰ ਪੁੱਤਰ ਸ੍ਰੀ ਗਿਆਨ ਸਿੰਘ,
H.No. Z-2 06852, St. No. 11/3,
ਪਾਵਰ ਹਾਊਸ ਰੋਡ, ਬਠਿੰਡਾ ਪੰਜਾਬ ਪਿੰਨ ਕੋਡ-151001 -----------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ,
ਦਫਤਰ ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ । ---------ਉਤਰਦਾਤਾ

**ਅਪੀਲ ਕੇਸ ਨੰ: 3719/2019**

**ਹਾਜ਼ਰ:-**

1) ਅਪੀਲਕਰਤਾ ਸ੍ਰੀ ਗੁਰਸੇਵਕ ਸਿੰਘ ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਵਿਕਰਾਂਤ ਸਰਮਾਂ, ਵਕੀਲ।

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 12-06-2019, ਲੋਕ ਸੂਚਨਾ ਅਧਿਕਾਰੀ ਦਫਤਰ ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਪੱਤਰ ਨੰ: 6356/ਐਸ-।।।/97/18/ਆਰ.ਟੀ.ਆਈ. ਸੈਲ ਮਿਤੀ 01-10-2018 ਨਾਲ ਸਬੰਧਤ 05 ਨੁਕਤਿਆਂ ਬਾਰੇ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 20-07-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 4-10-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 29-10-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 21-11-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਸ੍ਰੀ ਗੁਰਸੇਵਕ ਸਿੰਘ ਹਾਜ਼ਰ ਹੋਇਆ। ਉਸ ਵਲੋਂ ਦਸਿਆ ਗਿਆ ਕਿ ਉਸ ਵਲੋਂ ਮੰਗੀ ਗਈ ਸੂਚਨਾ ਅੱਜੇ ਤੱਕ ਮੁਹੱਈਆ ਨਹੀਂ ਕਰਵਾਈ ਗਈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਵਿਕਰਾਂਤ ਸਰਮਾਂ, ਵਕੀਲ ਹਾਜ਼ਰ ਹੋਇਆ। ਉਸ ਵਲੋਂ ਪੱਤਰ ਨੰ: 8703/ਐਸ.-3/651-19/ਆਰ.ਟੀ.ਆਈ. ਸੈਲ ਮਿਤੀ 19-11-2019 ਪੇਸ਼ ਕੀਤਾ ਗਿਆ ਅਤੇ ਬੇਨਤੀ ਕੀਤੀ ਗਈ ਇਸ ਕੇਸ ਸੂਚਨਾ ਦੇਣ ਲਈ ਹੋਰ ਸਮੇ ਦੀ ਲੋੜ ਹੈ। ਇਸ ਲਈ ਬੇਨਤੀ ਕੀਤੀ ਗਈ ਕਿ ਇਸ ਕੇਸ ਵਿਚ ਅਗਲੀ ਮਿਤੀ ਦਿੱਤੀ ਜਾਵੇ।

4. ਉੱਤਰਦਾਤਾ ਵਲੋਂ ਕੀਤੀ ਗਈ ਬੇਨਤੀ ਨੂੰ ਪ੍ਰਵਾਨ ਕਰਦੇ ਹੋਏ **ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 15-01-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ, 21 ਨਵੰਬਰ , 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਮੱਖਣ ਸਿੰਘ ਪੁੱਤਰ ਸ਼੍ਰੀ ਜਗੀਰ ਸਿੰਘ 9915169047
ਪਿੰਡ ਬੀਕਾ ਜਿਲਾ ਸਹੀਦ ਭਗਤ ਸਿੰਘ ਨਗਰ। ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਜਿਲਾ ਮਾਲ ਅਫਸਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ।

ਪਹਿਲੀ ਅਪੀਲੀ ਅਥਾਰਟੀ,
ਡਿਪਟੀ ਕਮਿਸ਼ਨਰ ਜਲਾ ਸਹੀਦ ਭਗਤ ਸਿੰਘ ਨਗਰ। ਉੱਤਰਦਾਤਾ

**ਅਪੀਲ ਕੇਸ ਨੰ: 3574/2019**

**ਹਾਜ਼ਰ:-**

1) ਅਪੀਲਕਰਤਾ ਸ੍ਰੀ ਮੱਖਣ ਸਿੰਘ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਮੈਡਮ ਜ਼ਸਵੀਰ ਕੁਮਾਰੀ ਜੁ: ਸਹਾਇਕ (98720-39124)

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 24-12-2019, ਲੋਕ ਸੂਚਨਾ ਅਧਿਕਾਰੀ ਜਿਲਾ ਮਾਲ ਅਫਸਰ ਜਿਲਾ ਸਹੀਦ ਭਗਤ ਸਿੰਘ ਨਗਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਪਿੰਡ ਬੀਕਾਂ ਜਿਲਾ ਸ਼ਹੀਦ ਭਗਤ ਸਿੰਘ ਨਗਰ ਦੀ ਜਮੀਨ ਨਾਲ ਸਬੰਧਤ 10 ਨੁਕਤਿਆਂ ਬਾਰੇ ਸੂਚਨਾ ਮੰਗੀ ਗਈਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 15-06-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 24-09-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 14-10-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 05-11-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਸੁਣਵਾਈ ਮਿਤੀ 05-11-2019 ਨੂੰ ਅਪੀਲਕਰਤਾ ਸ੍ਰੀ ਮਖੱਣ ਸਿੰਘ, ਪੇਸ਼ੀ ਤੇ ਹਾਜ਼ਰ ਹੋਇਆ। ਉਸ ਵਲੋਂ ਦਸਿਆ ਗਿਆ ਕਿ ਉਸ ਨੂੰ ਅਜੇ ਤੱਕ ਕੋਈ ਸੂਚਨਾ ਪ੍ਰਾਪਤ ਨਹੀਂ ।ਇਸ ਲਈ ਮੰਗੀ ਗਈ ਸੂਚਨਾ ਮੁਹੱਈਆ ਕਰਵਾਈ ਜਾਵੇ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਮੈਡਮ ਜ਼ਸਵੀਰ ਕੁਮਾਰੀ ਜੁ: ਸਹਾਇਕ ਹਾਜ਼ਰ ਹੋਏ। ਉਸ ਵਲੋਂ ਦਸਿਆ ਗਿਆ ਕਿ ਅਪੀਲਕਰਤਾ ਵਲੋਂ ਮਿਤੀ 24-12-2019 ਨੂੰ ਲੋਕ ਸੂਚਨਾ ਅਧਿਕਾਰੀ ਨੂੰ ਬਿਨੈ ਪੱਤਰ ਦਿੱਤਾ ਗਿਆ ਸੀ ਅਤੇ ਉਨ੍ਹਾਂ ਵਲੋਂ ਅਪੀਲਕਰਤਾ ਨੂੰ ਪੱਤਰ ਨੰ: 100 /ਟੀ.ਏ. ਮਿਤੀ 04-01-2019 ਰਾਹੀਂ ਸੂਚਨਾ ਭੇਜ਼ ਦਿੱਤੀ ਗਈ ਸੀ। ਪੱਤਰ ਮਿਸਲ ਤੇ ਰੱਖ ਲਿਆ ਗਿਆ ਸੀ। ਦੋਨਾਂ ਧਿਰਾਂ ਵਲੋਂ ਦਿੱਤੀਆਂ ਗਈਆਂ ਅਤੇ ਪੇਸ਼ ਕੀਤੇ ਗਏ ਦਸਤਾਵੇਜ਼ਾਂ ਅਨੁਸਾਰ ਉੱਤਰਦਾਤਾ ਵਲੋਂ ਪੇਸ਼ ਕੀਤੇ ਗਏ ਪੱਤਰ ਅਨੁਸਾਰ ਅਪੀਲਕਰਤਾ ਨੂੰ ਮਿਤੀ 04-01-2019 ਨੂੰ ਪਹਿਲਾਂ ਹੀ ਉੱਤਰ ਦਿੱਤਾ ਜਾ ਚੁੱਕਾ ਹੈ। ਜਿਸਦੀ ਕਾਪੀ ਹਾਜ਼ਰ ਉੱਤਰਦਾਤਾ ਦੇ ਨੁਮਾਇੰਦੇ ਵਲੋਂ ਪੇਸ਼ੀ ਦੋਰਾਨ ਅਪੀਲਕਰਤਾ ਨੂੰ ਦਸਤੀ ਵੀ ਦੇ ਦਿੱਤੀ ਗਈ ਸੀ। ਇਸ ਲਈ ਅਪੀਲਕਰਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਉੱਤਰਦਾਤਾ ਵਲੋਂ ਦਿੱਤੀ ਗਈ ਸੂਚਨਾ ਵਿਚ ਪਾਈਆਂ ਤਰੁੱਟੀਆਂ ਸਬੰਧੀ ਪੱਤਰ ਉੱਤਰਦਾਤਾ ਨੂੰ ਸਿੱਧੇ ਤੌਰ ਤੇ ਰਜਿਸਟਰਡ ਡਾਕ ਰਾਹੀਂ ਭੇਜਿਆ ਜਾਵੇ ਅਤੇ ਉੱਤਰਦਾਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਅਪੀਲਕਰਤਾ ਵਲੋਂ ਦਸੀਆਂ ਗਈਆਂ ਤਰੁੱਟੀਆਂ ਅਗਲੀ ਮਿਤੀ ਤੋਂ ਪਹਿਲਾਂ ਪਹਿਲਾਂ ਦੂਰ ਕਰਦੇ ਹੋਏ ਅਪੀਲਕਰਤਾ ਨੂੰ ਸੂਚਿਤ ਕੀਤਾ ਜਾਵੇ ਅਤੇ ਕਮਿਸ਼ਨ ਨੂੰ ਕਾਪੀ ਭੇਜੀ ਜਾਵੇ। ਇਸ ਹਦਾਇਤ ਨਾਲ ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 21-11-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅਪੀਲਕਰਤਾ ਸ੍ਰੀ ਮੱਖਣ ਸਿੰਘ ਪੇਸ਼ੀ ਤੇ ਹਾਜ਼ਰ ਹੋਇਆ । ਉਸ ਵਲੋਂ ਦਸਿਆ ਗਿਆ ਉਸ ਵਲੋਂ ਆਪਣੇ ਪੱਤਰ ਮਿਤੀ 07-11-2019 ਰਾਹੀਂ ਪਾਈਆਂ ਗਈਆਂ ਤਰੁੱਟੀਆਂ ਲੋਕ ਸੂਚਨਾ ਅਫਸਰ ਅਤੇ ਕਮਿਸ਼ਨ ਨੂੰ ਸੰਬੋਧਤ ਪੱਤਰ ਰਾਹੀਂ ਦਸ ਦਿੱਤੀਆਂ ਗਈਆਂ ਹਨ। ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।

4. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਮੈਡਮ ਜ਼ਸਵੀਰ ਕੁਮਾਰੀ ਜੁ: ਸਹਾਇਕ ਹਾਜ਼ਰ ਹੋਏ, ਉਨ੍ਹਾਂ ਵਲੋਂ ਪੱਤਰ ਨੰ: 745/ਟੀ.ਏ./ਆਰ.ਟੀ.ਆਈ.ਸੈਲ ਮਿਤੀ 19-11-2019 ਪੇਸ਼ ਕੀਤਾ ਗਿਆ ਜ਼ੋ ਸ੍ਰੀ ਮੱਖਣ ਸਿੰਘ ਨੂੰ

ਪਰਤੋ ਜੀ-----ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ:** 3574/2019

ਸੰਬੋਧਤ ਹੈ, ਪੇਸ਼ੀ ਦੌਰਾਨ ਅਪੀਲਕਰਤਾ ਸ੍ਰੀ ਮੱਖਣ ਸਿੰਘ ਨੂੰ ਦਸਤੀ ਦਿੱਤਾ ਗਿਆ ਅਤੇ ਕਾਪੀ ਕਮਿਸ਼ਨ ਨੂੰ ਪੇਸ਼ ਕੀਤੀ ਗਈ ਜ਼ੋ ਮਿਸਲ ਤੇ ਰੱਖ ਲਈ ਗਈ ਹੈ।

5. ਅੱਜ ਪੇਸ਼ੀ ਤੇ ਦੋਨਾਂ ਧਿਰਾਂ ਹਾਜ਼ਰ ਹੋਈਆਂ। ਉੱਤਰਦਾਤਾ ਵਲੋਂ ਆਪਣੇ ਉਕਤ ਪੱਤਰ ਮਿਤੀ 19-11-2019 ਰਾਹੀਂ ਅਪੀਲਕਰਤਾ ਵਲੋਂ ਦਸੀਆਂ ਗਈਆਂ ਤਰੁੱਟੀਆਂ ਸਬੰਧੀ ਬਣਦੀ ਸੂਚਨਾ ਦੇ ਦਿੱਤੀ ਗਈ ਹੈ ਇਸ ਦੇ ਨਾਲ ਹੀ ਲਿਖਿਆ ਗਿਆ ਹੈ ਕਿ ਇਸ ਤੋਂ ਇਲਾਵਾ ਕਿਸੇ ਹੋਰ ਨਕਲ ਦੀ ਜਰੂਰਤ ਹੈ ਤਾਂ ਉਹ ਸਰਕਾਰੀ ਫੀਸ ਦੇ ਕੇ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਤਰ੍ਹਾਂ ਇਸ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹੀਂ। ਇਹ **ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
ਰਾਜ ਸੂਚਨਾ ਕਮਿਸ਼ਨਰ, ਪੰਜਾਬ।

**ਮਿਤੀ: ਚੰਡੀਗੜ੍ਹ,** 21 **ਨਵੰਬਰ** , 2019.

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਰਾਜ ਕ੍ਰਿਪਾਲ ਸਿੰਘ, (98152-43951, 887726-22551)
ਪਿੰਡ ਮੋਹਲਾਂ, ਡਾਕਖਾਨਾ ਅਲਾਮਵਾਲਾ,
ਤਹਿਸੀਲ ਮਲੋਟ, ਜਿਲਾ ਸ੍ਰੀ ਮੁਕਤਸਰ ਸਾਹਿਬ। --------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਡਾਇਰੈਕਟਰ, ਸਿੱਖਿਆ (ਕਾਲਿਜ) ਪੰਜਾਬ,
ਮੁਹਾਲੀ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਸਕੱਤਰ, ਉਚੇਰੀ ਸਿੱਖਆ,ਪੰਜਾਬ,
ਚੰਡੀਗੜ੍ਹ। -------ਉੱਤਰਦਾਤਾ

**ਅਪੀਲ ਕੇਸ ਨੰ: 2467/2019**

**ਹਾਜ਼ਰ:-**

1) ਅਪੀਲਕਰਤਾ ਵਲੋਂ ਕੋਈ ਨਹੀਂ
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਸ੍ਰੀ ਜਗਦੀਪ ਸਿੰਘ ਡਿਪਟੀ ਡਾਇਰੈਕਗਟਰ (98720-92086)ਅਤੇ ਸ੍ਰੀ ਰਾਮ ਗੋਪਾਲ ਸਿੰਘ, ਕਲਰਕ

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 03-11-2018, ਲੋਕ ਸੂਚਨਾ ਅਧਿਕਾਰੀ ਦਫਤਰ ਡਾਇਰੈਕਟਰ, ਸਿੱਖਿਆ (ਕਾਲਿਜ) ਪੰਜਾਬ, ਮੁਹਾਲੀ, ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਸਰਕਾਰੀ ਸਹਾਇਤਾ ਪ੍ਰਾਪਤ ਕਾਲਿਜਾਂ ਵਿੱਚ ਅਸਿਸਟੈਂਟ ਪ੍ਰੋਫੈਸਰਾਂ ਦੀਆਂ ਆਸਾਮੀਆਂ ਲਈ ਆਮ ਸ਼੍ਰੇਣੀ ਦੇ ਉਮੀਦਵਾਰਾਂ ਦੇ ਅਪਲਾਈ ਕਰਨ/ਨਿਯੁਕਤੀ ਲਈ ਵੱਧ ਤੋਂ ਵੱਧ ਉਮਰ ਦੀ ਸੀਮਾ ਅਤੇ ਐਸ.ਸੀ. ਅਤੇ ਓ.ਬੀ.ਸੀ. ਉਮੀਦਵਾਰਾਂ ਲਈ ਉਮਰ ਵਿੱਚ ਛੋਟ ਦੀਂ ਸੀਮਾ ਨਾਲ ਸਬੰਧਤ 02 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 20-03-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 09-07-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 22-08-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 16-09-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।ਪੇਸ਼ੀ ਸਮੇਂ ਹਾਜ਼ਰ, ਅਪੀਲਕਰਤਾ ਨੇ ਕਿਹਾ ਕਿ ਉਸ ਨੂੰ ਅਜੇ ਤੱਕ ਕੋਈ ਵੀ ਸੂਚਨਾ ਪ੍ਰਾਪਤ ਨਹੀਂ ਹੋਈ। ਇਸ ਲਈ ਉਸ ਨੇ ਸੂਚਨਾ ਮੁਹੱਈਆ ਕਰਾਉਣ ਲਈ ਬੇਨਤੀ ਕੀਤੀ ਹੈ। ਉੱਤਰਦਾਤਾ ਵੱਲੋਂ ਅਗਲੀ ਮਿਤੀ 15-10-2019 ਨੂੰ ਵੀ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਉਨ੍ਹਾਂ ਵੱਲੋਂ ਅੱਜ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਹੈ। ਇਸ ਉਪਰੰਤ ਅਗਲੀ ਮਿਤੀ 05-11-2019 ਨਿਸਚਿਤ ਕੀਤੀ ਗਈ ਸੀ।

4. ਪਿਛਲੀ ਪੇਸ਼ੀ ਦੀ ਮਿਤੀ 05-11-2019 ਨੂੰ ਅਪੀਲਕਰਤਾ ਸ੍ਰੀ ਰਾਜ ਕ੍ਰਿਪਾਲ ਸਿੰਘ ਹਾਜ਼ਰ ਹੋਇਆ ਅਤੇ ਉੱਤਰਦਾਤਾ ਵਲੋਂ ਸ੍ਰੀ ਸਰਬਜੀਤ ਸਿੰਘ, ਸੀਨੀਅਰ ਸਹਾਇਕ ਪੇਸ਼ ਹੋਇਆ। ਉਸ ਵਲੋਂ ਪੱਤਰ ਉਨ੍ਹਾਂ ਵਲੋਂ ਪੱਤਰ ਮੀਮੋ ਨੰ: 20/80-2019 ਗਰਾਂਟ -1(4)/562 ਮਿਤੀ 04-11-2019 ਜ਼ੋ ਅਪੀਲਕਰਤਾ ਨੂੰ ਸੰਬੋਧਤ ਹੈ ਅਤੇ ਕਮਿਸ਼ਨ ਨੂੰ ਕਾਪੀ ਕੀਤੀ ਗਈ ਅਤੇ ਪੱਤਰ ਮਿਤੀ 04-11-2019 ਡਿਪਟੀ ਡਾਇਰੈਕਟਰ ਲੋਕ ਸੂਚਨਾ ਅਧਿਕਾਰੀ ਵਲੋਂ ਪੇਸ਼ ਕੀਤਾ ਗਿਆ। ਪੱਤਰ ਮਿਸਲ ਤੇ ਰੱਖ ਗਏ ਸਨ। ਦੋਨਾਂ ਧਿਰਾਂ ਵਲੋਂ ਦਿੱਤੀਆਂ ਗਈਆਂ ਦਲੀਲਾਂ ਅਤੇ ਉੱਤਰਦਾਤਾ ਵਲੋਂ ਪੇਸ਼ ਕੀਤੇ ਗਏ ਦਸਤਾਵੇਜ਼ਾਂ ਨੂੰ ਘੋਖਣ ਤੇ ਪਾਇਆ ਗਿਆ ਕਿ ਐਪਲੀਕੇਟ ਨੇ ਅਰਜੀ ਮਿਤੀ 03-11-2018 ਨੂੰ ਦਿੱਤੀ ਸੀ। ਇਸ ਸਬੰਧੀ ਨਾ ਤਾਂ ਉੱਤਰਦਾਤਾ ਵਲੋਂ ਅਪੀਲਕਰਤਾ ਨੂੰ ਉੱਤਰ ਦਿੱਤਾ ਗਿਆ ਅਤੇ ਨਾ ਹੀ ਪਿਛਲੀਆਂ ਮਿਤੀਆਂ ਤੇ ਕੋਈ ਹਾਜ਼ਰ ਹੋਇਆ। ਉੱਤਰਦਾਤਾ ਵਲੋਂ ਜਿਹੜਾ ਉੱਤਰ ਐਪਲੀਕੈਂਟ ਨੂੰ ਭੇਜਿਆ ਗਿਆ ਹੈ ਉਸਤੇ ਮਿਤੀ 04-11-2019 ਦਾ ਡਿਸਪੈਚ ਨੰਬਰ ਲਗਾ ਹੈ। ਜਦੋਂ ਹਾਜ਼ਰ ਉੱਤਰਦਾਤਾ ਨੂੰ ਪੁੱਛਿਆ ਗਿਆ ਕਿ ਲੇਟ ਉੱਤਰ ਦੇਣ ਦਾ ਕੀ ਕਾਰਨ ਹੈ ਤਾਂ ਉਹ ਸਪੱਸ਼ਟ ਉੱਤਰ ਨਹੀਂ ਦੇ ਸਕਿਆ ਨਾ ਹੀ ਇਸ ਤੋਂ ਪਹਿਲਾਂ

ਪਰਤੋ ਜੀ----ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



ਭੇਜਿਆ ਕੋਈ ਪੱਤਰ ਹੀ ਵਿਖਾਇਆ ਗਿਆ ਹੈ। ਇਸ ਲਈ ਉੱਤਰਦਾਤਾ ਨੂੰ ਇਕ ਹੋਰ ਮੌਕਾ ਦਿੰਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਸਪਸ਼ੱਟ ਕਰੇ ਕਿ ਉਨ੍ਹਾਂ ਨੇ ਅਪੀਲਕਰਤਾ ਨੂੰ ਉੱਤਰ ਦੇਣ ਵਿਚ ਇਨ੍ਹਾਂ ਸਮਾਂ ਕਿਉਂ ਲਿਆ ਗਿਆ। ਉਨ੍ਹਾਂ ਨੂੰ ਕਿਉਂਨਾ ਹਰਜਾਨਾ/ਜੁਰਮਾਨਾ ਪਾਇਆ ਜਾਵੇ। ਇਸ ਲਈ ਅਪੀਲਕਰਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉੱਤਰਦਾਤਾ ਵਲੋਂ ਦਿੱਤੀ ਗਈ ਸੂਚਨਾ ਵਿਚ ਪਾਈਆਂ ਤਰੁੱਟੀਆਂ ਸਬੰਧੀ ਪੱਤਰ ਉੱਤਰਦਾਤਾ(ਲੋਕ ਸੂਚਨਾ ਅਧਿਕਾਰੀ) ਨੂੰ ਸਿੱਧੇ ਤੌਰ ਤੇ ਰਜਿਸਟਰਡ ਡਾਕ ਰਾਹੀਂ ਭੇਜਿਆ ਜਾਵੇ ਅਤੇ ਉੱਤਰਦਾਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਵਲੋਂ ਦਸੀਆਂ ਗਈਆਂ ਤਰੁੱਟੀਆਂ ਅਗਲੀ ਮਿਤੀ ਤੋਂ ਪਹਿਲਾਂ ਪਹਿਲਾਂ ਦੂਰ ਕਰਦੇ ਹੋਏ ਅਪੀਲਕਰਤਾ ਨੂੰ ਸੂਚਿਤ ਕੀਤਾ ਜਾਵੇ ਅਤੇ ਕਮਿਸ਼ਨ ਨੂੰ ਕਾਪੀ ਭੇਜੀ ਜਾਵੇ। ਇਸ ਹਦਾਇਤ ਨਾਲ ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 21-11-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਜਾਂਦਾ ਹੈ।

3. ਅਪੀਲਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ ਹੈ।

4. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਸ੍ਰੀ ਜਗਦੀਪ ਸਿੰਘ ਡਿਪਟੀ ਡਾਇਰੈਕਟਰ ਅਤੇ ਸ੍ਰੀ ਰਾਮ ਗੋਪਾਲ ਸਿੰਘ, ਕਲਰਕ ਹਾਜ਼ਰ ਹੋਏ। ਲੋਕ ਸੂਚਨਾ ਅਧਿਕਾਰੀ ਵਲੋਂ ਪੱਤਰ ਮੀਮੋ ਨੰ: 20/08-2019 ਗਰਾਂਟ-1(4)1671, ਮਿਤੀ ਐਸ.ਏ.ਐਸ.ਨਗਰ 20-11-2019 ਪੇਸ਼ ਕੀਤਾ ਗਿਆ ਜ਼ੋ ਕਮਿਸ਼ਨ ਨੂੰ ਸੰਬੋਧਤ ਹੈ। ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।

5. ਅੱਜ ਅਪੀਲਕਰਤਾ ਹਾਜ਼ਰ ਨਹੀਂ ਹੋਇਆ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਸ੍ਰੀ ਜਗਦੀਪ ਸਿੰਘ ਡਿਪਟੀ ਡਾਇਰੈਕਟਰ ਹਾਜ਼ਰ ਹੋਏ ਉਨ੍ਹਾਂ ਵਲੋਂ ਪੇਸ਼ ਕੀਤੇ ਗਏ ਉਕਤ ਪੱਤਰ ਰਾਹੀਂ ਸੂਚਨਾ ਲੇਟ ਭੇਜਣ ਸਬੰਧੀ ਆਪਣਾ ਸਪਸਟੀਕਰਨ ਦਿੰਦੇ ਹੋਏ ਦਸਿਆ ਗਿਆ ਕਿ ਸਬੰਧਤ ਕਰਮਚਾਰੀ ਕਮਿਸ਼ਨ ਪਾਸ ਹਾਜ਼ਰ ਨਹੀਂ ਹੁੰਦਾ ਸੀ, ਇਸ ਲਈ ਉਸ ਵਿਰੁੱਧ ਕਾਰਵਾਈ ਕੀਤੀ ਜਾ ਚੁੱਕੀ ਹੈ ਅਤੇ ਉਸਨੂੰ ਸਸਪੈਂਡ ਕੀਤਾ ਜਾ ਚੁੱਕਾ ਹੈ। ਉੱਤਰਦਾਤਾ ਦੇ ਦਸੱਣ ਅਨੁਸਾਰ ਉਸਦੀ ਥਾਂ ਤੈਨਾਤ ਕਰਮਚਾਰੀ ਦੇ ਜੁਆਇੰਨ ਕਰਨ ਉਪਰੰਤ ਅਪੀਲਕਰਤਾ ਨੂੰ ਸੂਚਨਾ ਉਪਲਭਧ ਕਰਵਾ ਦਿੱਤੀ ਗਈ ਸੀ ਜਿਸ ਸਬੰਧੀ ਅਪੀਲਕਰਤਾ ਵਲੋਂ ਉਨ੍ਹਾਂ ਨੂੰ ਕੋਈ ਤਰੁੱਟੀਆਂ ਨੋਟ ਨਹੀਂ ਕਰਵਾਈਆਂ ਗਈਆਂ ਅਤੇ ਨਾ ਹੀ ਕਮਿਸ਼ਨ ਨੂੰ ਕੋਈ ਤਰੁੱਟੀ ਪੇਸ਼ ਕੀਤੀ ਗਈ ਹੈ। ਇਸ ਲਈ ਇਸ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹੀਂ। ਇਸ ਲਈ ਇਹ **ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ,** 21 **ਨਵੰਬਰ ,** 2019. **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਕ੍ਰਿਸ਼ਨ ਲਾਲ, (83607-93940)
ਪੁੱਤਰ ਸ਼੍ਰੀ ਸੰਤ ਰਾਮ,
ਪਿੰਡ ਤੇ ਡਾਕਖਾਨਾ ਭੁੱਨਰਹੇੜੀ,
ਤਹਿਸੀਲ ਤੇ ਜ਼ਿਲ੍ਹਾ, ਪਟਿਆਲਾ। ------- ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਪੰਚਾਇਤ ਸਕੱਤਰ,
ਗਰਾਮ ਪੰਚਾਇਤ ਭੁੱਨਰਹੇੜੀ,
ਤਹਿਸੀਲ ਤੇ ਜ਼ਿਲ੍ਹਾ, ਪਟਿਆਲਾ। --------ਉੱਤਰਦਾਤਾ

**ਸ਼ਿਕਾਇਤ ਕੇਸ ਨੰ: 524/2019**

**ਹਾਜ਼ਰ:-**

1) ਸ਼੍ਰੀ ਕ੍ਰਿਸ਼ਨ ਲਾਲ, ਸ਼ਿਕਾਇਤਕਰਤਾ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਸ਼੍ਰੀ ਸੁਖਵਿੰਦਰ ਸਿੰਘ ਟਿਵਾਣਾ, ਬੀ.ਡੀ.ਪੀ.ਓ.(95015-16000) ਅਤੇ ਹਰਲਾਲ ਸਿੰਘ, ਪੰਚਾਇਤ ਸਕੱਤਰ (99141-00163)।

**ਹੁੱਕਮ:**

ਸ਼ਿਕਾਇਤਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇੱਕ ਬਿਨੈ ਪੱਤਰ, ਮਿਤੀ 12-02-2019 ਨੂੰ ਲੋਕ ਸੂਚਨਾ ਅਧਿਕਾਰੀ ਦਫਤਰ ਬਲਾਕ ਵਿਕਾਸ ਤੇ ਪੰਚਾਇਤ ਅਫਸਰ, ਬਲਾਕ ਭੁੱਨਰਹੇੜੀ, ਜ਼ਿਲ੍ਹਾ ਪਟਿਆਲਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਪਿੰਡ ਭੁੱਨਰਹੇੜੀ ਬੱਸ ਸਟੈਂਡ ਦਾ ਨਾਲ ਕਲਸੀ ਟੌਕਾ ਹਾਊਸ ਦੇ ਪਿਛਲੇ ਪਾਸੇ ਵਿਖੇ 1998 ਤੋਂ ਲੈ ਕੇ 2002-03 ਤੱਕ ਗਲੀਆਂ ਬਨਾਉਣ ਸਬੰਧੀ ਪਾਸ ਕੀਤੇ ਗਏ ਮਤਿਆ ਬਾਰੇ ਸੂਚਨਾ ਮੰਗੀ ਸੀ। ਲੋਕ ਸੂਚਨਾ ਅਧਿਕਾਰੀ ਦਫਤਰ ਬਲਾਕ ਵਿਕਾਸ ਤੇ ਪੰਚਾਇਤ ਅਫਸਰ, ਬਲਾਕ ਭੁੱਨਰਹੇੜੀ, ਜ਼ਿਲ੍ਹਾ ਪਟਿਆਲਾ ਵੱਲੋਂ ਆਪਣੇ ਪੱਤਰ ਨੰ:318-19, ਮਿਤੀ 06-02-2019 ਰਾਹੀਂ ਸ਼ਿਕਾਇਤਕਰਤਾ ਦੀ ਆਰੀ.ਟੀ.ਆਈ. ਅਰਜ਼ੀ ਸੂਚਨਾ ਦਾ ਅਧਿਕਾਰ ਐਕਟ, 2005 ਦੀ ਧਾਰਾ 6(3) ਤਹਿਤ ਸ਼੍ਰੀ ਹਰਲਾਲ ਸਿੰਘ, ਲੋਕ ਸੂਚਨਾ ਅਧਿਕਾਰੀ-ਕਮ- ਪੰਚਾਇਤ ਸਕੱਤਰ, ਗਰਾਮ ਪੰਚਾਇਤ, ਭੁੱਨਰਹੇੜੀ, ਨੂੰ ਤਬਦੀਲ ਕਰ ਦਿੱਤੀ ਗਈ ਸੀ। ਸਬੰਧਤ ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਮਿਤੀ 06-06-2019 ਨੂੰ ਸ਼ਿਕਾਇਤਕਰਤਾ ਨੇ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਕਮਿਸ਼ਨ ਵੱਲੋਂ ਮਿਤੀ 29-07-2019 ਨੂੰ ਨੋਟਿਸ ਜਾਰੀ ਕਰ ਕੇ ਇਹ ਕੇਸ ਪਹਿਲੀ ਸੁਣਵਾਈ, ਮਿਤੀ 27-08-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ। ਪੇਸ਼ੀ ਤੇ ਹਾਜ਼ਰ ਸ਼ਿਕਾਇਤਕਰਤਾ ਨੇ ਕਿਹਾ ਕਿ ਉਸ ਨੂੰ ਅਜੇ ਮੰਗੀ ਗਈ ਸੂਚਨਾ ਪ੍ਰਾਪਤ ਨਹੀਂ ਹੋਈ। ਇਸ ਲਈ ਉਸ ਨੇ ਸੂਚਨਾ ਮੁਹੱਈਆ ਕਰਾਉਣ ਲਈ ਬੇਨਤੀ ਕੀਤੀ ਹੈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋ ਕੋਈ ਵੀ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਹੈ। ਇਸ ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਗਈ ਸੀ ਕਿ ਸ਼ਿਕਾਇਤਕਰਤਾ ਦੇ ਬਿਨੈ-ਪੱਤਰ ਅਨੁਸਾਰ ਆਰ.ਟੀ.ਆਈ. ਐਕਟ, 2005 ਤਹਿਤ ਬਣਦੀ ਸੂਚਨਾ ਸ਼ਿਕਾਇਤਕਰਤਾ ਨੂੰ ਅਗਲੀ ਪੇਸ਼ੀ ਤੋਂ ਪਹਿਲਾਂ-ਪਹਿਲਾਂ ਮੁਹੱਈਆ ਕਰਵਾਈ ਜਾਵੇ ਅਤੇ ਅਗਲੀ ਪੇਸ਼ੀ ਤੇ ਨਿੱਜੀ ਤੌਰ ਤੇ ਹਾਜ਼ਰ ਹੋ ਕੇ ਹਾਜ਼ਰ ਨਾ ਹੋਣ ਬਾਰੇ ਸਪੱਸ਼ਟੀਕਰਣ ਵੀ ਪੇਸ਼ ਕੀਤਾ ਜਾਵੇ। ਇਸ ਹਦਾਇਤ ਦੇ ਨਾਲ ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 18-09-2019 ਨਿਸਚਿਤ ਕੀਤਾ ਗਿਆ ਸੀ।ਪਰ ਅਪੀਲਕਰਤਾ ਅਗਲੀਆਂ ਮਿਤੀਆਂ ਤੇ ਵੀ ਹਾਜ਼ਰ ਨਹੀਂ ਹੋਇਆ।

2. ਪਿਛਲੀ ਪੇਸ਼ੀ ਦੀ ਮਿਤੀ 30-10-2019 ਤੇ ਸ਼ਿਕਾਇਤਕਰਤਾ ਨੇ ਹਾਜ਼ਰ ਹੋ ਕਿ ਦਸਿਆ ਕਿ ਉਸ ਨੂੰ ਮੰਗੀ ਗਈ ਸੂਚਨਾ ਅੱਜੇ ਤੱਕ ਪ੍ਰਾਪਤ ਨਹੀਂ ਹੋਈ ।ਪਰ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਕੋਈ ਵੀ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਸ਼ਿਕਾਇਤਕਰਤਾ ਨੂੰ ਮੰਗੀ ਗਈ ਸੂਚਨਾ ਹੀ ਮੁਹੱਈਆ ਕਰਵਾਈ ਗਈ ਸੀ ਜਿਸ ਦਾ ਕਮਿਸ਼ਨ ਵਲੋਂ ਗੰਭੀਰ ਨੋਟਿਸ ਲੈਂਦੇ ਹੋਏ ਸ਼੍ਰੀ ਸੁਖਵਿੰਦਰ ਸਿੰਘ ਟਿਵਾਣਾ, ਬਲਾਕ ਵਿਕਾਸ ਤੇ ਪੰਚਾਇਤ ਅਫਸਰ, ਭੁੱਨਰਹੇੜੀ, ਜ਼ਿਲ੍ਹਾ ਪਟਿਆਲਾ, ਨੂੰ ਮੁੜ ਹਦਾਇਤ ਕੀਤੀ ਗਈ ਕਿ ਸ਼ਿਕਾਇਤਕਰਤਾ ਦੀ ਆਰ.ਟੀ.ਆਈ. ਅਰਜ਼ੀ ਮੁਤਾਬਿਕ ਆਰ.ਟੀ.ਆਈ. ਐਕਟ ਤਹਿਤ ਬਣਦੀ ਸੂਚਨਾ ਸ਼ਿਕਾਇਤਕਰਤਾ ਨੂੰ ਪੇਸ਼ੀ ਦੀ ਅਗਲੀ ਮਿਤੀ ਤੋਂ ਪਹਿਲਾਂ-ਪਹਿਲਾਂ ਰਜਿਸਟਰਡ ਡਾਕ ਰਾਹੀਂ ਭੇਜ਼ ਕੇ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ ਅਤੇ ਪੇਸ਼ੀ ਤੇ ਨਿੱਜੀ ਪੱਧਰ ਤੇ ਹਾਜ਼ਰ ਹੋ ਕੇ ਸ਼ਿਕਾਇਤਕਰਤਾ ਨੂੰ ਪਹਿਲਾਂ ਸੂਚਨਾ ਮੁਹੱਈਆ ਨਾ ਕਰਾਉਣ

ਪਰਤੋ ਜੀ-----ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਸ਼ਿਕਾਇਤ ਕੇਸ ਨੰ: 524/2019**

ਬਾਰੇ ਆਪਣਾ ਸਪਸ਼ੱਟੀਕਰਨ ਪੇਸ਼ ਕੀਤਾ ਜਾਵੇ।ਇਸ ਦੇ ਨਾਲ ਹੀ ਡੀ.ਡੀ.ਪੀ.ਓ. ਪਟਿਆਲਾ ਨੂੰ ਲਿਖਿਆ ਜਾਂਦਾ ਹੈ ਕਿ ਉੱਕਤ ਅਧਿਕਾਰੀ ਵਲੋਂ ਆਰ.ਟੀ.ਆਈ. ਐਕਟ ਦੀ ਪਾਲਣਾ ਨਹੀਂ ਕੀਤੀ ਜਾ ਰਹੀ ਅਤੇ ਸ਼ਿਕਾਇਤਕਰਤਾ ਨੂੰ ਮੰਗੀ ਗਈ ਸੂਚਨਾ ਮੁਹੱਈਆ ਨਹੀਂ ਕਰਵਾਈ ਜਾ ਰਹੀ। ਇਸ ਲਈ ਉਸ ਵਿਰੁੱਧ ਬਣਦੀ ਕਾਵਰਾਈ ਕੀਤੀ ਜਾਵੇ। ਇਸ ਹਦਾਇਤ ਨਾਲ ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 21-11-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਸ਼੍ਰੀ ਕ੍ਰਿਸ਼ਨ ਲਾਲ, ਸ਼ਿਕਾਇਤਕਰਤਾ ਅੱਜ ਪੇਸ਼ੀ ਤੇ ਹਾਜ਼ਰ ਹੋਇਆ, ਉਸ ਵਲੋਂ ਦਸਿਆ ਗਿਆ ਕਿ ਉਸ ਨੂੰ ਅੱਜੇ ਤੱਕ ਕੋਈ ਸੂਚਨਾ ਮੁਹੱਈਆ ਨਹੀਂ ਕਰਵਾਈ ਗਈ।

4. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਸ਼੍ਰੀ ਸੁਖਵਿੰਦਰ ਸਿੰਘ ਟਿਵਾਣਾ, ਬੀ.ਡੀ.ਪੀ.ਓ. ਅਤੇ ਸ਼੍ਰੀ ਹਰਲਾਲ ਸਿੰਘ, ਪੰਚਾਇਤ ਸਕੱਤਰ ਹਾਜ਼ਰ ਹੋਏ।ਉਨ੍ਹਾਂ ਵਲੋਂ ਦਸਿਆ ਗਿਆ ਕਿ ਕਮਿਸ਼ਨ ਵਲੋਂ ਭੇਜਿਆ ਗਿਆ ਨੋਟਿਸ ਨਹੀਂ ਸੀ ਮਿਲਿਆ। ਇਸ ਦੇ ਨਾਲ ਹੀ ਉਸ ਵਲੋਂ ਸਵੈ ਘੋਸ਼ਣਾ ਪੱਤਰ ਮਿਤੀ 20-11-2019 ਪੇਸ਼ ਕੀਤਾ ਗਿਆ ਜਿਸ ਰਾਹੀਂ ਉਸ ਨੇ ਦਸਿਆ ਕਿ ਸ਼ਿਕਾਇਤਰਤਾ ਵਲੋਂ ਮੰਗੀ ਗਈ ਸੂਚਨਾ ਦਾ ਸਬੰਧ 1998 ਤੋਂ 2003 ਤੱਕ ਨਾਲ ਹੈ, ਪਰੰਤੂ ਰਿਕਾਰਡ ਪੁਰਾਣਾ ਹੋਣ ਕਾਰਨ ਬਹੁਤ ਕੋਸਿਸ਼ ਕਰਨ ਤੇ ਕਿਤੋਂ ਵੀ ਇਹ ਰਿਕਾਰਡ ਨਹੀਂ ਮਿਲਿਆ। ਜੇਕਰ ਇਹ ਰਿਕਾਰਡ ਮਿਲ ਜਾਂਦਾ ਹੈ ਤਾਂ ਪ੍ਰਾਰਥੀ ਨੂੰ ਮੁੱਹਈਆ ਕਰਵਾਉਣ ਲਈ ਪਾਬੰਦ ਹੋਵੇਗਾ। ਸਵੈ ਘੋਸ਼ਣਾ ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।

5. ਅੱਜ ਪੇਸ਼ੀ ਤੇ ਦੋਨਾਂ ਧਿਰਾਂ ਹਾਜ਼ਰ ਹੋਈਆਂ । ਉੱਤਰਦਤਾ ਧਿਰ ਵਲੋਂ ਕਮਿਸ਼ਨ ਦੇ ਹੁਕੱਮਾਂ ਅਨੁਸਾਰ ਲੋੜੀਂਦਾ ਹਲਫਿਆ ਬਿਆਨ ਪੇਸ਼ ਕੀਤਾ ਗਿਆ ਅਤੇ ਦਸਿਆ ਗਿਆ ਕਿ ਸ਼ਿਕਾਇਤਰਤਾ ਵਲੋਂ ਮੰਗੀ ਗਈ ਸੂਚਨਾ ਦਾ ਸਬੰਧ 1998 ਤੋਂ 2003 ਤੱਕ ਨਾਲ ਹੈ, ਰਿਕਾਰਡ 18-20 ਸਾਲ ਪੁਰਾਣਾ ਹੋਣ ਕਾਰਨ ਭਾਲ ਕੀਤੀ ਜਾ ਰਹੀ ਹੈ। ਜ਼ੋ ਕਿ ਬਹੁਤ ਕੋਸਿਸ਼ ਕਰਨ ਤੇ ਵੀ ਨਹੀਂ ਮਿਲਿਆ। ਜੇਕਰ ਇਹ ਰਿਕਾਰਡ ਮਿਲ ਜਾਂਦਾ ਹੈ ਤਾਂ ਪ੍ਰਾਰਥੀ ਨੂੰ ਮੁੱਹਈਆ ਕਰਵਾਉਣ ਲਈ ਪਾਬੰਦ ਹੋਵੇਗਾ । ਸ਼ਿਕਾਇਤਕਰਤਾ ਵਲੋਂ ਕੀਤੀ ਗਈ ਬੇਨਤੀ ਨੂੰ ਪ੍ਰਵਾਨ ਕਰਦੇ ਹੋਏ ਉੱਤਰਦਾਤਾ ਨੂੰ ਹਦਾਇਤ ਕੀਤੀ ਗਈ ਕਿ ਰਿਕਾਰਡ ਦੀ ਭਾਲ ਕੀਤੀ ਜਾਵੇ ਅਤੇ ਸ਼ਿਕਾਇਤਕਰਤਾ ਨੂੰ ਆਪਣੇ ਦਫਤਰ ਬੁਲਾ ਕੇ ਰਿਕਾਰਡ ਦੀ ਇੰਨਸਪੈਸਕਸ਼ਨ ਕਰਵਾਈ ਜਾਵੇ ਅਤੇ ਉਪਲਭਧ ਰਿਕਾਰਡ ਮੁਹੱਈਆ ਕਰਵਾਇਆ ਜਾਵੇ ਅਤੇ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਦੇ ਨਾਲ ਹੀ ਸ਼ਿਕਾਇਤਕਰਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਬੀ.ਡੀ.ਪੀ.ਓ./ਪੰਚਾਇਤ ਸਕੱਤਰ ਨਾਲ ਸੰਪਰਕ ਕਰਕੇ ਉਨ੍ਹਾਂ ਦੇ ਦਫਤਰ ਵਿਚ ਉਪਲਬਧ ਰਿਕਾਰਡ ਦੀ ਪੜਚੋਲ ਕਰਕੇ ਰਿਕਾਰਡ ਪ੍ਰਾਪਤ ਕਰਨ ਉਪਰੰਤ ਕਮਿਸ਼ਨ ਨੂੰ ਸੁਚਿਤ ਕਰੇਗਾ। ਉੱਤਰਦਾਤਾ ਨੂੰ ਸਖਤ ਤਾੜਨਾ ਕੀਤੀ ਜਾਂਦੀ ਹੈ ਕਿ ਅਗੇ ਤੋਂ ਸੁਚੇਤ ਹੋ ਕੇ ਆਰ.ਟੀ.ਆਈ.ਐਕਟ 2005 ਦੀ ਪਾਲਣਾ ਯਕੀਨੀ ਬਣਾਈ ਜਾਵੇ ਅਤੇ ਇਸ ਕੇਸ ਵਿਚ ਸ਼ਿਕਾਇਤਕਰਤਾ ਨੂੰ ਸੂਚਨਾ ਮੁਹੱਈਆ ਕਰਵਾ ਕੇ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਤਰ੍ਹਾਂ ਉੱਤਰਦਾਤਾ ਵਲੋਂ ਦਿੱਤੇ ਗਏ ਉੱਤਰ ਤੇ ਸੰਤੁਸ਼ਟੀ ਪ੍ਰਗਟ ਕੀਤੀ ਜਾਂਦੀ ਹੈ ਅਤੇ ਇਹ ਕੇਸ **ਇਸ ਹਦਾਇਤ ਨਾਲ ਦਾਖਲ ਦਫਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ, 21 ਨਵੰਬਰ , 2019.**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਗੁਰਚਰਨ ਸਿੰਘ 9781450880
ਮਕਾਨ ਨੰ: 359 ਰਵੀਦਾਸ ਪੁਰਾ ਸਮਰਾਲਾ ਚੋਂਕ,
ਚੰਡੀਗੜ ਰੋਡ ਲੁਧਿਆਣਾ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ ,
ਦਫਤਰ ਐਮ.ਸੀ. ਜ਼ੋਨ ਬੀ ਲੁਧਿਆਣਾ।

ਪਹਿਲੀ ਅਪੀਲੀ ਅਥਾਰਟੀ ਕਮ-
ਕਮਿਸ਼ਨਰ ਐਮ.ਸੀ. ਜ਼ੋਨ ਬੀ ਲੁਧਿਆਣਾ। -------ਉੱਤਰਦਾਤਾ

**ਅਪੀਲ ਕੇਸ ਨੰ 3615/2019**

**ਹਾਜ਼ਰ:-**

1) ਅਪੀਲਕਰਤਾ ਵਲੋਂ ਕੋਈ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਅਬਦੂਲ ਸਤਾਰ,ਸੁਪਰਡੰਟ (96461-41633)

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 26-03-2019 , ਲੋਕ ਸੂਚਨਾ ਅਧਿਕਾਰੀ ਦਫਤਰ ਐਮ.ਸੀ. ਜ਼ੋਨ ਬੀ ਲੁਧਿਆਣਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਅਸੈਸਮੈਟ ਫਾਰਮ (ਪ੍ਰਾਪਰਟੀ ਟੈਕਸ) 2013-14 ਸਬੰਧੀ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 04-07-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 26-09-2019 ਨੂੰ ਕਮਿਸ੍ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 14-10-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 07-11-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ। ਪੇਸ਼ੀ ਤੇ ਅਪੀਲਕਰਤਾ ਹਾਜ਼ਰ ਹੋਇਆ। ਉਸ ਵਲੋਂ ਦਸਿਆ ਗਿਆ ਕਿ ਉਸਨੂੰ ਕੋਈ ਜਾਣਕਾਰੀ ਨਹੀਂ ਦਿੱਤੀ ਜਾ ਰਹੀ। ਉਸ ਵਲੋਂ ਅਸੈਸਮੈਟ ਫਾਰਮ (ਪ੍ਰਾਪਰਟੀ ਟੈਕਸ) 2013-14 ਸਬੰਧੀ ਸੂਚਨਾ ਮੰਗੀ ਗਈ ਸੀ ਜ਼ੋ ਅੱਜੇ ਤੱਕ ਨਹੀਂ ਦਿੱਤਾ ਗਿਆ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ੍ਰੀ ਅਬਦੂਲ ਸਤਾਰ,ਸੁਪਰਡੰਟ ਵਲੋਂ ਪੱਤਰ ਨੰ: 18/ਪੀ.ਆਈ.ਓ./ਆਰ.ਟੀ.ਆਈ. ਬੀ.ਪੀ. ਮਿਤੀ 31-10-2019 ਪੇਸ਼ ਕੀਤਾ ਗਿਆ ਜ਼ੋ ਅਪੀਲਕਰਤਾ ਨੂੰ ਸੰਬੋਧਤ ਹੈ ਅਤੇ ਕਮਿਸ੍ਨ ਨੂੰ ਉੱਤਾਰਾ ਕੀਤਾ ਗਿਆ । ਪੱਤਰ ਮਿਸਲ ਤੇ ਰੱਖ ਲਿਆ ਗਿਆ ਸੀ। ਅਪੀਲਕਰਤਾ ਵਲੋਂ ਜ਼ੋ ਸੂਚਨਾ ਮੰਗੀ ਗਈ ਉਸ ਸਬੰਧੀ ਉੱਤਰਦਾਤਾ ਵਲੋਂ ਪੇਸ਼ ਕੀਤੇ ਗਏ ਪੱਤਰ ਰਾਹੀਂ ਦਸਿਆ ਗਿਆ ਸੀ ਕਿ ਉਸ ਵਲੋਂ ਪ੍ਰਾਪਰਟੀ ਟੈਕਸ ਦੇ ਸੈਲਫ ਅਸੈਸਮੈਟ ਦੇ ਫਾਰਮ ਦੀ ਮੰਗ ਕੀਤੀ ਹੈ, ਜਿਸ ਸਬੰਧੀ ਉਨ੍ਹਾਂ ਵਲੋਂ ਉਸ ਨੂੰ ਪੱਤਰ ਮਿਤੀ 02-08-2019 ਰਾਹੀਂ ਜਵਾਬ ਭੇਜਿਆ ਕਿ ਇਹ ਫਾਰਮ ਦਫਤਰੀ ਰਿਪੋਰਟਾਂ ਅਨੁੋਸਾਰ ਟਰੇਸ ਨਹੀਂ ਹੋ ਸਕਿਆ, ਪਰ ਫਿਰ ਵੀ ਸੈਲਫ ਅਸੈਸਮੈਟ ਦੇ ਆਧਾਰ ਤੇ ਜਮ੍ਹਾਂ ਕਰਵਾਈ ਗਏ ਪ੍ਰਾਪਰਟੀ ਟੈਕਸ ਸਾਲ 2013-14 ਤੋਂ ਸਾਲ 2019-20 ਤੱਕ ਦੀਆਂ ਕੰਪਿਊਟਰਾਇਜ਼ ਰਸੀਦਾਂ ਦੇ ਦਿੱਤੀਆਂ ਗਈਆਂ ਹਨ। ਅਪੀਲਕਰਤਾ ਵਲੋਂ ਫਾਰਮ ਮੰਗਿਆ ਗਿਆ ਜੋ ਦਫਤਰੀ ਰਿਕਾਰਡ ਵਿਚ ਟਰੇਸ ਨਹੀਂ ਹੋ ਸਕਿਆ। ਇਸ ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਗਈ ਸੀ ਕਿ ਇਸ ਸਬੰਧੀ ਉਹ ਅਗਲੀ ਨਿਸਚਿਤ ਮਿਤੀ ਤੇ ਆਪਣਾ ਐਫਿਡੇਵਿਟ ਪੇਸ਼ ਕਰਨ ਕਿ ਮੰਗਿਆ ਗਿਆ ਫਾਰਮ ਉਨ੍ਹਾਂ ਦੇ ਰਿਕਾਰਡ ਵਿਚ ਨਹੀਂ ਹੈ। ਇਸ ਹਦਾਇਤ ਨਾਲ ਇਹ ਕੇਸ ਅਗਲੀ ਸੁਣਵਾਈ ਮਿਤੀ 21-11-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ ।

2. ਅਪੀਲਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ ਹੈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਅਬਦੂਲ ਸਤਾਰ,ਸੁਪਰਡੰਟ ਹਾਜ਼ਰ ਹੋਇਆ। ਉਸ ਵਲੋਂ ਪਿਛਲੀ ਮਿਤੀ ਤੇ ਕਮਿਸ੍ਨ ਦੇ ਮਿਤੀ 07-11-2019 ਦੇ ਹੁਕੱਮਾਂ ਦੀ ਪਾਲਣਾ ਕਰਦੇ ਹੋਏ ਆਪਣੇ ਦਫਤਰ ਦੇ ਪੱਰ ਨੰ: 181/ਸਜਬ ਮਿਤੀ 20-11-2019 ਰਾਹੀਂ ਜ਼ੋ ਅਪੀਲਕਰਤਾ ਨੂੰ ਸੰਬੋਧਤ ਹੈ ਅਤੇ ਉਤਾਰਾ ਕਮਿਸ੍ਨ ਨੂੰ ਕੀਤਾ ਗਿਆ ਹੈ ਰਾਹੀਂ ਹਲਫਿਆ ਬਿਆਨ ਦਿੱਤਾ ਗਿਆ ਹੈ। ਮਿਸਲ ਤੇ ਰੱਖ ਲਿਆ ਗਿਆ ਹੈ।

4. ਅੱਜ ਅਪੀਲਕਰਤਾ ਪੇਸੀ ਤੇ ਹਾਜ਼ਰ ਨਹੀਂ ਹੋਇਆ। ਉੱਤਰਦਾਤਾ ਵਲੋ ਹਾਜ਼ਰ ਸ੍ਰੀ ਅਬਦੂਲ ਸਤਾਰ ਵਲੋਂ

ਪਰਤੋ ਜੀ----ਚਲਦਾ ਪੰਨਾ /2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ** 3615/2019

ਕਮਿਸ਼ਨ ਦੇ ਹੁਕੱਮਾਂ ਅਨੁਸਾਰ ਉਕਤ ਮਿਤੀ 20-11-2019 ਦੇ ਪੱਤਰ ਨਾਲ ਮੰਗਿਆ ਗਿਆ ਹਲਫਿਆ ਬਿਆਨ ਪੇਸ਼ ਕੀਤਾ ਗਿਆ ਹੈ। ਜਿਸਦਾ ਉਤਾਰਾ ਕਮਿਸ਼ਨ ਨੂੰ ਕੀਤਾ ਗਿਆ ਹੈ। ਅੱਜ ਅਪੀਲਕਰਤਾ ਹਾਜ਼ਰ ਨਹੀਂ ਹੋਇਆ, ਇਸ ਲਈ ਉੱਤਰਦਾਤਾ ਨੂੰ ਹਦਾਇਤ ਕੀਤੀ ਗਈ ਕਿ ਅਪੀਲਕਰਤਾ ਨੂੰ ਇਹ ਪੱਤਰ/ਹਲਫਿਆ ਬਿਆਨ ਰਜਿਸਟਰਡ ਡਾਕ ਰਾਹੀਂ ਭੇਜ਼ ਦਿੱਤਾ ਜਾਵੇ ਅਤੇ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਲਈ ਉੱਤਰਦਾਤਾ ਵਲੋਂ ਦਿਤੀ ਗਈ ਸੂਚਨਾ ਤੋ ਕਮਿਸ਼ਨ ਸੰਤੁਸ਼ਟ ਹੈ। ਇਸ ਲਈ ਇਹ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹੀਂ, **ਇਹ ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)

**ਮਿਤੀ: ਚੰਡੀਗੜ੍ਹ,** 21 **ਨਵੰਬਰ ,** 2019. **ਰਾਜ ਸੂਚਨਾ ਕਮਿਸ਼ਨਰ, ਪੰਜਾਬ।**